ਜੇਕਰ ਤੁਹਾਨੂੰ ਐਮ.ਡੀ.ਆਰ. ਟੀ.ਬੀ. ਹੈ ਅਤੇ ਤੁਸੀਂ ਇਸ ਦੇ ਬਾਰੇ ਹੋਰ ਜਾਣਨਾ ਚਾਹੁੰਦੇ ਹੋ ਉਸ ਵਿਅਕਤੀ ਕੋਲੋਂ ਜਿਸ ਨੂੰ ਪਹਿਲਾ ਇਹ ਬਿਮਾਰੀ ਸੀ ਤਾਂ ਇਥੇ ਇਕ ਕਿਤਾਬ ਹੈ ਜਿਸ ਦਾ ਨਾਮ The Tuberculosis Survival Handbook ਜੋ ਪੋਲਮਾਇਰੋ (ਦੂਸਰਾ ਸੰਸਕਰਨ ) ਦੁਆਰਾ ਲਿਖੀ ਗਈ ਹੈ। ਕਿਤਾਬ ਦੀ ਕੀਮਤ 14.95 ਪਾਉਂਡ ਹੈ ਅਤੇ ਇਹ ਸਥਾਨਕ ਕਿਤਾਬਾ ਦੀਆਂ ਦੁਕਾਨਾ, ਗਜ਼ੈਲੀ ਬੁੱਕ ਸਰਵਿਸਸਜ ਅਤੇ www.amazon.co.uk, ਜਾਂ ਸਿਧੇ ਪਬਲਿਸ਼ਰ ਕੋਲੋਂ ਲਈ ਜਾ ਸਕਦੀ ਹੈ। Merit Publishing International ਵੈਬਸਾਈਟ www.meritpublishing.com ਜਾਂ ਈ-ਮੇਲ merituk@aol.com ਇਸ ਕਿਤਾਬ ਦਾ ਰੇਫਰੈਂਸ ਨੰ: ਹੈ ISBN 1 873413 14 9.

ਨੋਟਸ



ਆਪਣੇ ਪਰਿਵਾਰ ਅਤੇ ਦੋਸਤਾਂ ਨੂੰ ਟੀ.ਬੀ. ਤੋ ਬਚਾਉ - ਤੇ ਆਪਣੀਆਂ ਟੀ.ਬੀ ਦੀਆਂ ਦਵਾਈਆ ਲਵੋ

**ਯਾਦ ਰੱਖੋ** ਟੀ.ਬੀ ਨਰਸ ਤੁਹਾਡੀ ਮਦਦ ਲਈ ਇਲਾਜ ਦੇ ਸਾਰੇ ਹੀ ਸਮੇਂ ਤੁਹਾਡੀ ਸਲਾਹ ਵਾਸਤੇ ਇੱਥੇ ਹਾਜਰ ਹੈ। ਕ੍ਰਿਪਾ ਕਰਕੇ ਆਪਣੀ ਟੀ.ਬੀ. ਨਰਸ ਨਾਲ ਸੰਪਰਕ ਕਰੋ ਜੇਕਰ ਤੁਸੀਂ ਆਪਣੇ ਇਲਾਜ ਨਾਲ ਠੀਕ ਮਹਿਸੂਸ ਨਹੀਂ ਕਰਦੇ ਜਾਂ ਇੱਥੇ ਕੋਈ ਵੀ ਗੱਲ ਹੈ ਜਿਸ ਕਾਰਨ ਤੁਸੀਂ ਆਪਣੀ ਦਵੁਈ ਬਾਰੇ ਬੇਯਕੀਨੀ ਰੱਖਦੇ ਹੋ।

ਤੁਹਾਡੀ ਟੀ.ਬੀ ਨਰਸ ਹੈ:

ਤੁਹਾਡਾ ਹਸਪਤਾਲ ਦਾ ਡਾਕਟਰ ਹ:

ਸੰਪਰਕ ਨੰਬਰ:

ਈ-ਮੇਲ:

**TB Alert** ਇਕ ਅਨੋਖੀ ਚੈਰਿਟੀ ਹੈ ਜੋ ਯੂ.ਕੇ ਵਿੱਚ ਟਿਊਬੇਕਲੋਸਿਸ ਬਾਰੇ ਜਾਗਰੂਕਤਾ ਨੂੰ ਵਧਾਵਾ ਦੇ ਰਹੀ ਹੈ ਅਤੇ ਮਰੀਜ਼ਾਂ ਨੂੰ ਸੂਚਨਾਂ ਪ੍ਰਦਾਨ ਕਰਕੇ ਐਨ.ਐਚ.ਐਸ ਦੇ ਕੰਮ ਦੀ ਸਹਾਇਤਾ ਕਰ ਰਹੀ ਹੈ। ਅਸੀਂ ਵਿਕਾਸਸ਼ੀਲ ਦੇਸ਼ ਵਿੱਚ ਚੱਲ ਰਹੀਆਂ ਯੋਜਨਾਵਾਂ ਨੂੰ ਸਹਾਇਤਾ ਦਿੰਦੇ ਹਾਂ ਇਹ ਯਕੀਨੀ ਬਣਾਉਣ ਲਈ ਕਿ ਸਾਰੇ ਮਰੀਜ਼ ਸਹੀ ਇਲਾਜ ਕਰਵਾ ਸਕਣ। ਤੁਹਾਡੀ ਸਹਾਇਤਾ ਨਾਲ ਅਸੀਂ ਸੰਸਾਰ ਭਰ ਵਿੱਚ ਟਿਊਬੇਕਲੋਸਿਸ ਤੇ ਚੰਗਾ ਪ੍ਰਭਾਵ ਪਾ ਸਕਦੇ ਹਾਂ ਅਤੇ ਹੋਰ ਜਿੰਦਗੀਆਂ ਬਚਾ ਸਕਦੇ ਹਾਂ।

**TB Alert,**
Community Base,
113 Queens Road,
Brighton BN1 3XG
ਟੈਲੀਫੋਨ: 01273 234030

ਹੋਰ ਜਾਣਕਾਰੀ ਜਾਂ ਇਸ ਕਿਤਾਬਚੇ ਦੀਆਂ ਕਾਪੀਆਂ ਲਈ ਸੰਪਰਕ ਕਰੋ 01273 234 770 (ਕੇਵਲ ਦਫਤਰੀ ਸਮੇਂ ਵਿੱਚ)।

ਦਾਨ ਦੇਣ ਲਈ ਜਾਂ ਸਵੈਮਸੇਵੀ ਤੇ ਟੀ.ਬੀ ਅਲਰਟ ਦੀ ਮਦਦ ਲਈ ਕਿਰਪਾ ਕਰਕੇ ਸੰਪਰਕ ਕਰੋ 01273 234 784 (ਕੇਵਲ ਦਫਤਰੀ ਸਮੇਂ ਵਿੱਚ)।

ਜਾਂ ਸਾਡੀ ਵੈਬਸਾਈਟ www.tbalert.org ਤੇ ਜਾਓ

ਇਸ ਕਿਤਾਬਚੇ ਤੇ ਦਿੱਤੀ ਗਈ ਕੋਈ ਵੀ ਜਾਣਕਾਰੀ ਟਿਊਬੇਕਲੋਸਿਸ ਦੀ ਜਾਂਚ ਜਾਂ ਇਲਾਜ ਦੇ ਸਬੰਧ ਵਿੱਚ, ਇਸ ਵਿਸ਼ੇ ਬਾਰੇ ਆਮ ਜਾਣਕਾਰੀ ਦੇਣ ਦੇ ਇਰਾਦੇ ਵਜੋਂ ਹੈ। ਇਹ ਜਾਣਕਾਰੀ, ਤਜਰਬੇ, ਮੁਹਾਰਤ ਅਤੇ ਡਾਕਟਰ ਦੇ ਫੈਸਲੇ, ਫਾਰਮਾਸਿਸਟ, ਮਰੀਜ਼ ਦੇਖ ਭਾਲ, ਸਿਹਤ ਸੇਵਾਵਾਂ ਦੇ ਬਦਲ ਦੇ ਇਰਾਦੇ ਵਜੋਂ ਨਹੀਂ ਹੈ। ਇਸ ਕਿਤਾਬਚੇ ਵਿਚ ਕੋਈ ਵੀ ਜਾਣਕਾਰੀ ਦਾ ਮਕਸਦ ਜਾਂਚ ਜਾਂ ਇਲਾਜ ਦੇ ਫੈਸਲੇ ਲਈ ਨਹੀਂ ਹੈ। ਜਾਂਚ ਦੇ ਸਬੰਧ ਵਿੱਚ ਮੁੱਦੇ, ਸਵਾਲ ਅਤੇ ਇਲਾਜ ਕਿਸੇ ਸਿਹਤ ਸੰਭਾਲ ਮਾਹਿਰ ਨੂੰ ਦਿਖਾਉਣਾਚਾਹੀਦਾ ਹੈ।

ਨਾਰਥ ਵੈਸਟ ਲੰਦਨ ਟੀ.ਬੀ. ਨੇਟਵਰਕ ਦਵਾਰਾ ਅਸਲੀ ਵਿਕਾਸ ਦਾ ਕੰਮ

ਗਾਰੰਟੀ ਤੋਂ ਲਿਮਿਟਿਡ ਇਕ ਕੰਪਨੀ, ਇੰਗਲੈਂਡ ਵਿਚ ਦਰਜ ਨੰਬਰ 3606528 ਦਰਜ ਚੈਰਿਟੀ ਨੰਬਰ 1071886 ਡਿਜ਼ਾਇਨ : worksong, london 020 8352 8300

ਮਰੀਜਾਂ ਲਈ ਜਾਣਕਾਰੀ

for a future without tuberculosis

# ਮਲਟੀ ਡਰੱਗ ਰਜਿਸਟੈਂਸ ਟਿਊਬਰੇਕਲੋਸਿਸ (ਟੀ.ਬੀ.)




NHS

ਯਾਦ ਰੱਖੋ ਸਾਰੀਆਂ ਦਵਾਈਆਂ ਸੁਰੱਖਿਅਤ ਅਤੇ ਬੱਚਿਆਂ ਦੀ ਪਹੁੰਚ ਤੋਂ ਦੂਰ ਰਖੋ।

## ਟੀ.ਬੀ ਕੀ ਹੈ?

ਟਿਊਬਕਲੋਸਿਸ (ਟੀ.ਬੀ.) ਇਕ ਬੈਕਟੀਰੀਅਲ ਇੰਫੈਕਸ਼ਨ ਹੈ ਜੋ ਜਿਆਦਾ ਤੌਰ ਤੇ ਫੇਫੜਿਆਂ ਵਿਚ ਪਾਈ  ਜਾਂਦੀ ਹੈ ਜਿਹੜੀ ਸ਼ਰੀਰ ਦੇ ਕਿਸੇ ਵੀ ਭਾਗ ਤੇ ਅਸਰ ਕਰ ਸਕਦੀ ਹੈ ਜਿਵੇ ਦਿਮਾਗ, ਲਿੰਪ ਗਲੈਂਡਜ਼, ਗੁਰਦੇ ਅਤੇ ਹੱਡੀਆਂ ਉੱਤੇ।

## ਇਹ ਕਿਵੇਂ ਹੋ ਜਾਂਦੀ ਹੈ?

ਜਦੋ ਕੋਈ ਫੇਫੜਿਆਂ ਦੀ ਟੀ.ਬੀ. ਦੀ ਲਾਗ ਵਾਲਾ ਖੰਘਦਾ ਹੈ ਤਾਂ ਜਰਮ ਹਵਾ ਵਿੱਚ ਛੋਟੇ ਤੁਪਕਿਆਂ ਦੇ ਰੂਪ ਵਿਚ ਚਲੇ ਜਾਂਦੇ ਹਨ ਅਤੇ ਹੋਰ ਲੋਕ ਇਹਨਾਂ ਨੂੰ ਸਾਰ ਨਾਲ ਅੰਦਰ ਖੜ ਸਕਦੇ ਹਨ। ਉਹਨਾਂ ਲੋਕਾਂ ਨੂੰ ਟੀ.ਬੀ. ਹੋ ਸਕਦੀ ਹੈ ਜਿਹੜੇ ਉਸੇ ਹੀ ਘਰ ਜਾਂ ਫਲੈਟ ਵਿਚ ਰਹਿੰਦੇ ਹਨ ਜਿੱਥੇ ਕੋਈ ਟੀ.ਬੀ. ਵਾਲਾ ਵਿਅਕਤੀ ਰਹਿੰਦਾ ਹੋ।

## ਕੀ ਮੈਨੂੰ ਇਸਦੀ ਲਾਗ ਹੈ?

ਸਾਰੇ ਹੀ ਟੀ.ਬੀ. ਵਾਲੇ ਵਿਅਕਤੀ ਲਾਗ ਵਾਲੇ ਨਹੀ ਹੁੰਦੇ। ਤੁਹਾਨੂੰ ਇਸਦੀ ਲਾਗ ਤਦ ਹੀ ਹੈ ਜੇਕਰ ਤੁਹਾਡੇ ਫੇਫੜਿਆਂ ਜਾਂ ਗਲੇ ਦੀ ਟੀ.ਬੀ. ਹੈ ਅਤੇ ਤੁਹਾਡੀ ਖੰਘ ਵਿੱਚ ਟੀ.ਬੀ. ਹੈ ਅਤੇ ਤੂਹਾਡੀ ਖੰਘ ਵਿੱਚ ਟੀ.ਬੀ. ਦੇ ਜ਼ਰਮ ਆ ਰਹੇ ਹਨ (ਇਸਦਾ ਨਾਮ ਸਮੀਅਰ ਪੋਜ਼ੀਟਿਵ ਹੈ) ਤੁਸੀ ਦੂਸਰਿਆਂ ਨੂੰ ਲਾਗ ਨਹੀ ਲਗਾ ਸਕਦੇ ਜੇਕਰ ਤੁਹਾਡੇ ਫੇਫੜਿਆਂ ਜਾਂ ਗਲੇ ਤੋਂ ਬਿਨਾਂ ਹੋਰ ਕਿਸੇ ਹਿੱਸੇ ਤੇ ਟੀ.ਬੀ. ਹੈ।  ਤੂਹਾਡਾ ਡਾਕਟਰ/ ਨਰਸ ਤੁਹਾਨੂੰ ਹੋਰ ਜਾਣਕਾਰੀ ਦੇ ਸਕਦਾ ਹੈ।

## ਮਲਟੀਡਰੱਗ ਰਜਿਸਟੈਂਸ ਟਿਊਬਕਲੋਸਿਸ (ਐਮ.ਡੀ.ਆਰ ਟੀ.ਬੀ) ਕੀ ਹੈ?

ਐਸ.ਡੀ.ਆਰ. ਟੀ.ਬੀ ਵਿਕਸਿਤ ਹੋ ਜਾਂਦੀ ਹੈ ਜਦੋਂ ਟੀ.ਬੀ ਦੇ ਜਰਮ ਦੋ ਸਭ ਡੋ ਤਾਕਤਵਰ ਦਵਾਈਆਂ ਜੋ ਟੀ.ਬੀ. ਦੇ ਇਲਾਜ ਲਈ ਵਰਤੀਆਂ ਜਾਂਦੀਆਂ ਹਨ ਨਾਲ ਵੀ ਠੀਕ ਨਹੀ ਹੁੰਦੇ। ਇਸਦਾ ਮਤਲਬ ਹੈ ਕਿ ਦਵਾਈਆਂ ਪ੍ਰਭਾਵੀ ਢੰਗ ਨਾਲ ਕੰਮ ਨਹੀ ਕਰਦੀਆਂ ਇਸ ਲਈ ਕਿ ਹੁਣ ਇਹ ਟੀ.ਬੀ. ਦੇ ਜਰਮ ਮਾਰਨ ਵਿਚ ਅਸਮਰਥ ਹੁੰਦੀਆਂ ਹਨ।

## ਕਿਸੇ ਨੂੰ ਐਮ.ਡੀ.ਆਰ. ਟੀ.ਬੀ. ਹੈ ਤੁਹਾਨੂੰ ਇਸ ਬਾਰੇ ਕਿਵੇ ਸ਼ੱਕ ਹੋਵੇਗਾ?

ਉਹ ਸੈਂਪਲ ਜੋ ਟੀ.ਬੀ. ਜਰਮ ਵਾਲੇ ਹਨ। ਨੂੰ ਲੈਬਾਟਰੀ ਵਿੱਚ ਟੈਸਟ ਇਹ ਵੇਖਣ ਲਈ ਕੀਤਾ ਜਾਂਦਾ ਹੈ ਜੇਕਰ ਉਹ ਵੱਖ ਵੱਖ ਦਵਾਈਆ ਨਾਲ ਮੱਰ ਜਾਣਗੇ। ਜੇਕਰ ਉਹ ਨਹੀ ਮਰਦੇ ਤਾਂ ਆਮ ਤੋਰ ਤੇ ਹੁੰਦਾ ਹੈ ਕਿ ਮਰੀਜ ਆਮ ਟੀ.ਬੀ. ਦਵਾਈਆ ਨਾਲ ਠੀਕ ਨਹੀ ਹੋਵੇਗਾ ਅਤੇ ਉਸ ਨੂੰ ਐਮ.ਡੀ.ਆਰ. ਟੀ.ਬੀ. ਸੁਝਾਈ ਜਾ ਸਕਦੀ ਹੈ।

## ਲੋਕਾ ਨੂੰ ਐਮ.ਡੀ.ਆਰ. ਟੀ.ਬੀ. ਕਿਵੇ ਰੁੰਦੀ ਹੈ?

1. ਟੀ.ਬੀ. ਪ੍ਰਤੀਰੋਧਕ ਬਣ ਜਾਂਦੀ ਹੈ ਜੇਕਰ ਇਲਾਜ ਦੁਰਾਨ ਕਿਸੇ ਕਾਰਨ ਇਹ ਪੂਰੀ ਮਾਤਰਾ ਵਿੱਚ ਨਾ ਲਈ ਜਾਵੇ ਉਦਾਹਰਨ ਵੱਜੋਃ-
   - ਜੇਕਰ ਮਰੀਜ ਦਵਾਈਆਂ ਲਗਾਤਾਰ ਨਹੀ ਲੈਂਦਾ ਅਤੇ ਸੁਝਾਏ ਗਏ ਇਲਾਜ ਦਾ ਪੂਰਾ ਕੋਰਸ ਪੂਰਾ ਨਰੀ ਕਰਦਾ
   - ਜੇਕਰ ਮਰੀਜ ਪੂਰੀ ਤਰਾਂ ਦਵਾਈਆਂ ਨੂੰ ਨਹੀ ਨਿਗਲਦਾ ਉਦਾਹਰਨ ਵੱਜੋਃ- ਉਲਟੀ ਨਾਲ ਗੋਲੀ ਦਾ ਬਾਹਰ ਨਿਕਲ ਜਾਣਾ
   - ਜੋਕਰ ਦਵਾਈਆਂ ਸਹੀ ਤਰਾਂ ਨਾਲ ਸੁਝਾਈਆਂ ਨਰੀ ਜਾਣਦੀਆਂ ਅਤੇ ਸਹੀ ਢੰਗ ਨਾਲ ਵੰਡੀਆਂ (ਡਿਸਪੈਂਸ) ਜਾਂਦੀਆਂ
   - ਜੇਕਰ ਦਵਾਈਆਂ ਘਟੀਆ ਕਵਾਲਟੀ ਦਾਆਂ ਹੋਣ
2. ਟੀ.ਬੀ. ਸੁਰੂ ਤੋਂ ਵੀ ਪ੍ਰਤੀਰੋਧਕ ਹੋ ਸਕਦੀ ਹੈ ਜੇਕਰ ਉਸ ਵਿਆਕਤੀ ਨੂੰ ਲਾਗ ਦਵਾਈ ਪ੍ਰਤੀਰੋਪਕ ਟੀ.ਬੀ. ਵਾਲੇ ਤੋਂ ਲੱਗੀ ਹੈਂ।

ਐਮ.ਡੀ.ਆਰ. ਟੀ.ਬੀ. ਆਮ ਟੀ.ਬੀ. ਨਾਲੋ ਜਿਆਦਾ ਘਾਤਕ ਲਾਗ ਨਹੀ ਹੈ ਪਰ ਦਵਾਈਆਂ ਜੋ ਇਲਾਜ ਲਈ ਵਰਤੀਆਂ ਜਾਂਦੜ੍ਹਆਂ ਹਨ ਘਟ ਅਸਰ ਕਰਦੀਆਂ ਹਨ ਅਤੇ ਲੰਬੇ ਸਮੇ ਤੱਕ ਲੈਣੀਆਂ ਪੈਂਦੀਆਂ ਹਨ ਇਕ ਐਮ.ਡੀ.ਆਰ. ਟੀ.ਬੀ. ਵਾਲੇ ਵਿਆਕਤੀ ਨੂੰ ਜਿਆਦਾ ਸਮਾਂ ਲਾਗ ਰਹਿੰਦੀ ਹੈ ਆਮ ਟੀ.ਬੀ ਵਾਲੇ ਵਿਅਢਤੀ ਨਾਲੋ ਜਿਆੜਾ ਆਮ ਦਵਾਈਆਂ ਨਾਲ ਠੀਕ ਹੋ ਜਾਂਦਾ ਹੈ (ਡਰਗ ਸੈਂਸਟਿਵ ਟੀ.ਬੀ)।

## ਐਮ.ਡੀ.ਆਰ. ਟੀ.ਬੀ. ਇਕ ਮੁਸ਼ਕਿਲ ਕਿਉ ਹੈ?

ਐਮ.ਡੀ.ਆਰ. ਟੀ.ਬੀ. ਆਮ ਦਵਾਈਆਂ ਨਾਰ ਠੀਭ ਹੋਣ ਵਾਲੀ ਟੀ.ਬੀ. ਨਾਲੋ ਜ਼ਿਆਦਾ ਲਾਗ ਵਾਲੀ ਨਹੀ ਹੈ ਪਰ ਇਸਦਾ ਇਲਾਜ ਇਸ ਨਾਲੋ ਔਖਾ ਹੰਦਾ ਹੈ।

ਉਹ ਦਵਾਈਆਂ ਜੋ ਡਰੱਗ ਰਜਿਸਟੈਂਸ ਟੀ.ਬੀ. ਲਈ ਵਰਤੀਆਂ ਜਾਂਦੀਆਂ ਹਨ ਦੇ ਸਾਈਡ ਇਫੈਕਟ ਜ਼ਿਆਦਾ ਹੁੰਦੇ ਹਨ ਅਤੇ ਇਹ ਦਵਾਈਆਂ ਨਾਲ ਠੀਕ ਹੋਣ ਵਾਲੀ ਟੀ.ਬੀ. ਨਾਲੋਂ ਘੱਟ ਪ੍ਰਭਾਵੀ ਹੁੰਦੀਆਂ ਹਨ ਇਸਦਾ ਮਤਲਬ ਹੈ ਕਿ ਐਮ.ਡੀ.ਆਰ. ਟੀ.ਬੀ. ਦੇ ਮਰੀਜਾਂ ਨੂੰ ਲੰਬਾ ਸਮਾਂ ਇਲਾਜ ਦੀ ਜ਼ਰੂਰਤ ਹੁੰਦੀ ਹੈ ਅਤੇ ਇਹ ਜਿਆਦਾ ਬਿਮਾਰ ਹੋ ਸਕਦੇ ਹਨ। ਇਹਨਾਂ ਨੂੰ ਆਮ ਤੌਰ ਤੇ ਹਸਪਤਾਲ ਵਿਚ ਇਲਾਜ ਲ਼ਈ ਦਾਖਲ ਹੋਣਾ ਪੈਂਦਾ ਹੈ।

## ਮੈਨੂੰ ਕਿੰਨਾ ਲੰਮਾ ਸਮਾਂ ਲਾਗ ਰਹਿ ਸਕਦੀ ਹੈ?

ਇਹ ਇਸ ਤੇ ਨਿਰਤਰ ਕਰਦਾ ਹੈ ਕਿ ਤੁਸੀ ਇਲਾਜ ਲਈ ਵਰਤੀਆ ਜਾ ਰਹੀਆਂ ਦਵਾਈਆਂ ਨਾਲ ਕਿੰਨਾ ਠੀਕ ਹੋ ਰਹੇ ਹੋ। ਹਰੇਕ ਐਮ.ਡੀ.ਆਰ. ਟੀ.ਬੀ. ਦਾ ਕੇਸ ਵੱਖ ਵੱਖ ਹੁੰਦਾ ਹੈ।

ਕਿਉਕਿ ਟੀ.ਬੀ ਆਮ ਦਵਾਈਆਂ ਦੀ ਪ੍ਰਤੀਰੋਧਕ ਹੁੰਦੀ ਹੈ ਤੁਹਾਨੂੰ ਕਈ ਹਫਤਿਆਂ ਤੱਕ ਜਾਂ ਇੱਥੋਂ ਤੱਕ ਕਿ ਕਈ ਮਹੀਨਿਆਂ ਤੱਕ ਇਸਦੀ ਲਾਗ ਰਹਿ ਸਕਦੀ ਹੈ।

## ਮੈਨੂੰ ਕਿੰਨਾ ਸਮਾਂ ਇਲਾਜ ਕਰਵਾਉਣ ਦੀ ਜ਼ਰੂਰਤ ਹੈ?

ਇਕ ਡਰੱਗ ਪ੍ਰਤੀਰੋਧਕ ਟੀ.ਬੀ. ਦੀਆਂ ਦਵਾਈਆਂ ਦਾ ਇਲਾਜ ਘੱਟੋ ਘੱਟ 6 ਮਹੀਨਾ ਚਲਦਾ ਹੈ। ਐਮ.ਡੀ.ਆਰ. ਟੀ.ਬੀ. ਦਾ ਇਲਾਜ 18 ਮਹੀਨਿਆਂ ਜਾਂ ਇਸ ਤੋਂ ਵੱਧ ਸਮੇਂ ਤੱਕ ਵੀ ਹੋ ਸਕਦਾ ਹੈ।